**County of Fresno**

## ਫ੍ਰੈਸਨੋ ਕਾਉਂਟੀ
## ਗੁਪਤਤਾ ਬਣਾਏ ਰੱਖਣ ਦੇ ਤਰੀਕਿਆਂ ਦਾ ਨੋਟਿਸ
## (NOTICE OF PRIVACY PRACTICES)

ਪ੍ਰਭਾਵੀ ਮਿਤੀ: 16 ਅਗਸਤ 2004 ਸੋਮਵਾਰ
ਸੋਧ ਦੀ ਮਿਤੀ: 22 ਅਗਸਤ 2013 ਵੀਰਵਾਰ

**ਇਹ ਨੋਟਿਸ ਵਰਨਨ ਕਰਦਾ ਹੈ ਕਿ ਕਿਵੇਂ ਤੁਹਾਡੇ ਬਾਰੇ ਡਾਕਟਰੀ ਜਾਣਕਾਰੀ ਪਹੁੰਚਿਆ ਜਾ ਸਕਦਾ ਹੈ, ਅਤੇ ਇਸਦਾ ਇਸਤੇਮਾਲ ਅਤੇ ਖੁਲਾਸਾ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਇਸ ਜਾਣਕਾਰੀ ਤਕ ਕਿਵੇਂ ਪਹੁੰਚ ਸਕਦੇ ਹੋ।**
**ਕਿਰਪਾ ਕਰਕੇ ਇਸ ਦੀ ਧਿਆਨ ਨਾਲ ਪੜਚੋਲ ਕਰੋ।**

ਜੇ ਇਸ ਨੋਟਿਸ ਬਾਰੇ ਤੁਹਾਡੀਆਂ ਕੋਈ ਟਿੱਪਣੀਆਂ ਜਾਂ ਪ੍ਰਸ਼ਨ ਹੋਣ, ਤਾਂ ਕਿਰਪਾ ਕਰਕੇ ਇਹਨਾਂ ਨਾਲ ਸੰਪਰਕ ਕਰੋ:

FresnoCounty Privacy Officer
1221 Fulton Mall, 6th Floor
Fresno, CA93721
(559) 600-3200

### *ਇਸ ਨੋਟਿਸ ਦੀ ਪਾਲਣਾ ਕੌਣ ਕਰੇਗਾ*

ਫ੍ਰੈਸਨੋਕਾਉਂਟੀ, ਕਾਉਂਟੀ ਦੇ ਖਪਤਕਾਰਾਂ ਨੂੰ ਬਹੁਤ ਸਾਰੀਆਂ ਸਿਹਤ ਸਬੰਧੀ ਸੇਵਾਵਾਂ ਮੁਹੱਈਆ ਕਰਦੀ ਹੈ। ਕਾਉਂਟੀ ਇਲਾਜ ਸੇਵਾਵਾਂ ਲਈ ਡਾਕਟਰੀ, ਪਦਾਰਥ ਦੀ ਦੁਰਵਰਤੋਂ ਅਤੇ ਮਾਨਸਿਕ ਸਿਹਤ ਪ੍ਰਦਾਤਾਵਾਂ ਨੂੰ ਕੰਮ 'ਤੇ ਰੱਖਦੀ ਹੈ ਜਾਂ ਉਹਨਾਂ ਨਾਲ ਕਾਨਟ੍ਰੈਕਟ ਕਰਦੀ ਹੈ। ਕਾਉਂਟੀ ਵੱਖ-ਵੱਖ ਸਿਹਤ ਬੀਮਾ ਯੋਜਨਾਵਾਂ ਦਾ ਵੀ ਪ੍ਰਬੰਧਨ ਕਰਦੀ ਹੈ, ਜਿਵੇਂ ਕਿ ਮੈਡੀ-ਕਲ ਮੈਨੇਜਡ ਕੇਅਰ (Medi-Cal Managed Care) ਜਿਸ ਨਾਲ ਕਾਉਂਟੀ ਦੇ ਗਾਹਕ/ਖਪਤਕਾਰ ਇਲਾਜ ਸੇਵਾਵਾਂ ਤੱਕ ਪਹੁੰਚ ਸਕਦੇ ਹਨ।

ਇਹ ਨੋਟਿਸ ਵਰਨਣ ਕਰਦਾ ਹੈ ਕਿ ਕਾਉਂਟੀ, ਆਪਣੇ ਕੰਮ 'ਤੇ ਰੱਖੇ ਅਤੇ ਕਾਨਟ੍ਰੈਕਟ ਵਾਲੇ ਸਿਹਤ ਦੇਖਭਾਲ ਪੇਸ਼ਾਵਰਾਂ ਅਤੇ ਸਿਹਤ ਬੀਮਾ ਯੋਜਨਾਵਾਂ ਰਾਹੀਂ, ਉਸ ਸੁਰੱਖਿਅਤ ਕੀਤੀ ਗਈ ਸਿਹਤ ਸਬੰਧੀ ਜਾਣਕਾਰੀ (PHI) ਦੀ ਵਰਤੋਂ ਕਿਵੇਂ ਕਰਦੀ ਹੈ ਜੋ ਕਾਉਂਟੀ ਤੁਹਾਡੇ ਬਾਰੇ ਪ੍ਰਾਪਤ ਕਰਦੀ ਹੈ। ਤੁਹਾਡੀ PHI ਕੋਈ ਵੀ ਅਜਿਹੀ ਜਾਣਕਾਰੀ ਹੈ ਜੋ ਤੁਹਾਡੀ ਪਛਾਣ ਕਰਦੀ ਹੈ (ਜਿਵੇਂ ਕਿ ਤੁਹਾਡਾ ਨਾਮ ਜਾਂ ਪਤਾ ਜਾਂ ਸੋਸ਼ਲ ਸਿਕਉਰਿਟੀ ਨੰਬਰ) ਜੋ ਤੁਹਾਡੀ ਪਿਛਲੀ, ਮੌਜੂਦਾ ਜਾਂ ਭਵਿੱਖੀ ਸਰੀਰਕ ਜਾਂ ਮਾਨਸਿਕ ਸਿਹਤ ਜਾਂ ਸਿਹਤ-ਸਮੱਸਿਆ ਨਾਲ, ਤੁਹਾਨੂੰ ਮਿਲਣ ਵਾਲੀ ਕਿਸੇ ਵੀ ਦੇਖਭਾਲ ਸੇਵਾ, ਜਾਂ ਤੁਹਾਡੀ ਸਿਹਤ ਦੇਖਭਾਲ ਦੇ ਪਿਛਲੇ, ਮੌਜੂਦਾ ਜਾਂ ਭਵਿੱਖ ਦੇ ਭੁਗਤਾਨ ਨਾਲ ਸਬੰਧਤ ਹੁੰਦੀ ਹੈ।

### *ਸੁਰੱਖਿਅਤ ਕੀਤੀ ਗਈ ਸਿਹਤ ਸਬੰਧੀ ਜਾਣਕਾਰੀ ਸੰਬੰਧੀ ਸਾਡਾ ਪ੍ਰਣ*

ਅਸੀਂ ਸਮਝਦੇ ਹਾਂ ਕਿ ਤੁਹਾਡੇ ਬਾਰੇ PHI ਨਿੱਜੀ ਹੁੰਦੀ ਹੈ। ਤੁਹਾਡੇ ਬਾਰੇ PHI ਦੀ ਰੱਖਿਆ ਕਰਨਾ ਸਾਡੀ ਕਾਨੂੰਨੀ ਜ਼ਿੰਮੇਵਾਰੀ ਹੈ ਅਤੇ ਅਸੀਂ ਇਸਦੇ ਲਈ ਵਚਨਬੱਧ ਹਾਂ। ਅਸੀਂ ਕਾਉਂਟੀ ਵਿਖੇ ਤੁਹਾਨੂੰ ਪ੍ਰਾਪਤ ਹੋਈ ਦੇਖਭਾਲ ਅਤੇ ਸੇਵਾਵਾਂ ਦਾ ਰਿਕਾਰਡ ਤਿਆਰ ਕਰਦੇ ਹਾਂ। ਸਾਨੂੰ ਇਸ ਰਿਕਾਰਡ ਦੀ ਲੋੜ ਤੁਹਾਨੂੰ ਉੱਚੇ ਪੱਧਰ ਦੀ ਦੇਖਭਾਲ ਮੁਹੱਈਆ ਕਰਵਾਉਣ ਅਤੇ ਕੁਝ ਕਾਨੂੰਨੀ ਲੋੜਾਂ ਦੀ ਪਾਲਣਾ ਕਰਨ ਲਈ ਹੁੰਦੀ ਹੈ। ਇਹ ਨੋਟਿਸ ਤੁਹਾਡੀ ਦੇਖਭਾਲ ਦੇ ਸਾਰੇ ਰਿਕਾਰਡਾਂ 'ਤੇ ਲਾਗੂ ਹੁੰਦਾ ਹੈ। ਇਹ ਨੋਟਿਸ ਤੁਹਾਨੂੰ ਦੱਸੇਗਾ ਕਿ ਅਸੀਂ ਤੁਹਾਡੇ ਬਾਰੇ PHI ਤੱਕ ਪਹੁੰਚ, ਅਤੇ ਇਸਦਾ ਇਸਤੇਮਾਲ ਅਤੇ ਖੁਲਾਸਾ ਕਿਸ ਤਰ੍ਹਾਂ ਨਾਲ ਕਰ ਸਕਦੇ ਹਾਂ। ਅਸੀਂ ਤੁਹਾਡੇ ਅਧਿਕਾਰਾਂ ਅਤੇ ਕੁਝ ਕਾਨੂੰਨੀ ਬੰਦਸ਼ਾਂ ਦਾ ਵੀ ਵਰਨਣ ਕਰਦੇ ਹਾਂ ਜੋ ਸਾਡੇ ਕੋਲ PHI ਤੱਕ ਪਹੁੰਚ, ਅਤੇ ਇਸਦੇ ਇਸਤੇਮਾਲ ਅਤੇ ਖੁਲਾਸੇ ਦੇ ਸੰਬੰਧ ਵਿੱਚ ਹਨ।

ਕਾਨੂੰਨ ਦੁਆਰਾ ਸਾਡੇ ਲਈ ਲੋੜੀਂਦਾ ਹੈ ਕਿ:

- ਇਹ ਯਕੀਨੀ ਬਣਾਇਆ ਜਾਵੇ ਕਿ ਤੁਹਾਡੀ ਸ਼ਨਾਖ਼ਤ ਦੱਸਣ ਵਾਲੀ PHI ਨੂੰ ਗੁਪਤ ਰੱਖਿਆ ਜਾਵੇ (ਕੁਝ ਅੱਪਵਾਦਾਂ ਦੇ ਨਾਲ ਜਿਨ੍ਹਾਂ ਦਾ ਵਰਣਨ ਕੀਤਾ ਜਾਵੇਗਾ);
- ਤੁਹਾਡੇ ਬਾਰੇ PHI ਦੇ ਸੰਬੰਧ ਵਿੱਚ ਸਾਡੀਆਂ ਕਾਨੂੰਨੀ ਡਿਊਟੀਆਂ ਅਤੇ ਗੁਪਤਤਾ ਬਣਾਏ ਰੱਖਣ ਦੇ ਤਰੀਕਿਆਂ ਦਾ ਇਹ ਨੋਟਿਸ ਤੁਹਾਨੂੰ ਦਿੱਤਾ ਜਾਵੇ; ਅਤੇ
- ਇਸ ਵੇਲੇ ਪ੍ਰਭਾਵੀ ਨੋਟਿਸ ਦੀਆਂ ਸ਼ਰਤਾਂ ਦੀ ਪਾਲਣਾ ਕੀਤੀ ਜਾਵੇ।

### *ਅਸੀਂ ਤੁਹਾਡੇ ਬਾਰੇ PHI ਤੱਕ ਪਹੁੰਚ, ਇਸਦਾ ਇਸਤੇਮਾਲ ਅਤੇ ਖੁਲਾਸਾ ਕਿਵੇਂ ਕਰ ਸਕਦੇ ਹਾਂ*

ਇਸ ਨੋਟਿਸ ਵਿੱਚ ਮੁਹੱਈਆ ਕੀਤੇ ਤੋਂ ਇਲਾਵਾ, ਫ੍ਰੈਸਨੋਕਾਉਂਟੀ ਸਿਰਫ ਤੁਹਾਡੀ ਲਿਖਤੀ ਆਗਿਆ (ਅਧਿਕਾਰ) ਨਾਲ ਹੀ PHI ਤੱਕ ਪਹੁੰਚ, ਇਸਦਾ ਇਸਤੇਮਾਲ,

ਅਤੇ/ਜਾਂ ਇਸ ਦਾ ਖੁਲਾਸਾ ਕਰੇਗੀ। ਪਰ, ਅਜਿਹੀਆਂ ਸਥਿਤੀਆਂ ਹਨ ਜਿਹਨਾਂ ਲਈ ਤੁਹਾਡੇ ਅਧਿਕਾਰ ਦੇ ਬਿਨਾਂ ਪਹੁੰਚ, ਇਸਤੇਮਾਲ ਅਤੇ ਖੁਲਾਸੇ ਦੀ ਲੋੜ ਹੁੰਦੀ ਹੈ ਜਾਂ ਆਗਿਆ ਦਿੱਤੀ ਜਾਂਦੀ ਹੈ। ਹੇਠ ਲਿਖੀਆਂ ਸ਼੍ਰੇਣੀਆਂ ਉਹਨਾਂ ਵੱਖ-ਵੱਖ ਤਰੀਕਿਆਂ ਦਾ ਵਰਣਨ ਕਰਦੀਆਂ ਹਨ ਜਿਨ੍ਹਾਂ ਨਾਲ ਫ੍ਰੈਸਨੋ ਕਾਉਂਟੀ ਤੁਹਾਡੇ ਦੁਆਰਾ ਅਧਿਕਾਰ ਦਿੱਤੇ ਜਾਣ ਦੇ ਬਿਨਾਂ, PHI ਤੱਕ ਪਹੁੰਚ, ਇਸਦਾ ਇਸਤੇਮਾਲ ਅਤੇ ਖੁਲਾਸਾ ਕਰਦੀ ਹਾਂ। ਸ਼੍ਰੇਣੀ ਵਿੱਚ ਹਰੇਕ ਪਹੁੰਚ, ਇਸਤੇਮਾਲ ਜਾਂ ਖੁਲਾਸੇ ਨੂੰ ਸੂਚੀਬੱਧ ਨਹੀਂ ਕੀਤਾ ਗਿਆ ਹੈ; ਪਰ, ਉਹ ਸਾਰੇ ਤਰੀਕੇ ਜਿਨ੍ਹਾਂ ਦੁਆਰਾ ਸਾਨੂੰ ਜਾਣਕਾਰੀ ਤੱਕ ਪਹੁੰਚਣ, ਇਸਦੇ ਇਸਤੇਮਾਲ ਅਤੇ ਖੁਲਾਸੇ ਦੀ ਇਜਾਜ਼ਤ ਹੈ, ਇਹਨਾਂ ਵਿੱਚੋਂ ਕਿਸੇ ਇੱਕ ਸ਼੍ਰੇਣੀ ਇੱਕ ਦੇ ਅੰਦਰ ਆਉਣਗੇ। ਜਦੋਂ ਫ੍ਰੈਸਨੋਕਾਉਂਟੀ ਤੁਹਾਡੀ ਜਾਣਕਾਰੀ ਦਾ ਖੁਲਾਸਾ ਕਰਦੀ ਹੈ, ਤਾਂ ਅਸੀਂ ਉਸ ਉਦੇਸ਼ ਨੂੰ ਪੂਰਾ ਕਰਨ ਲਈ, ਜਿਸ ਲਈ ਇਸ ਦੀ ਬੇਨਤੀ ਕੀਤੀ ਜਾਂਦੀ ਹੈ, ਸਿਰਫ ਘੱਟ ਤੋਂ ਘੱਟ ਜ਼ਰੂਰੀ ਜਾਣਕਾਰੀ ਹੀ ਰਿਲੀਜ਼ ਕਰਾਂਗੇ।

***ਇਲਾਜ ਲਈ***

ਅਸੀਂ ਤੁਹਾਨੂੰ ਡਾਕਟਰੀ ਇਲਾਜ ਜਾਂ ਸੇਵਾਵਾਂ ਮੁਹੱਈਆ ਕਰਨ ਲਈ ਤੁਹਾਡੇ ਬਾਰੇ PHI ਤੱਕ ਪਹੁੰਚ ਸਕਦੇ ਹਾਂ ਅਤੇ ਇਸਦਾ ਇਸਤੇਮਾਲ ਕਰ ਸਕਦੇ ਹਾਂ। ਅਸੀਂ ਤੁਹਾਡੇ ਬਾਰੇ PHI ਦਾ ਖੁਲਾਸਾ ਡਾਕਟਰਾਂ, ਨਰਸਾਂ, ਟੈਕਨੀਸ਼ੀਅਨਾਂ, ਮੈਡੀਕਲ ਵਿਦਿਆਰਥੀਆਂ, ਜਾਂ ਕਾਉਂਟੀ ਦੇ ਹੋਰ ਕਰਮਚਾਰੀਆਂ ਕੋਲ ਕਰ ਸਕਦੇ ਹਾਂ ਜੋ ਤੁਹਾਡੀ ਦੇਖਭਾਲ ਕਰਨ ਵਿੱਚ ਸ਼ਾਮਲ ਹਨ। ਤੁਹਾਡੀ ਇਲਾਜ ਕਰਨ ਵਾਲੀ ਟੀਮ ਤੁਹਾਡੀ ਲੋੜ ਦੀਆਂ ਵੱਖ-ਵੱਖ ਚੀਜ਼ਾਂ ਦਾ ਤਾਲਮੇਲ ਕਰਨ ਲਈ ਤੁਹਾਡੀ PHI ਸਾਂਝੀ ਕਰ ਸਕਦੀ ਹੈ, ਜਿਵੇਂ ਕਿ ਪ੍ਰਿਸਕ੍ਰਿਪਸ਼ਨਾਂ (ਡਾਕਟਰੀ ਨੁਸਖੇ), ਬਲੱਡ ਪ੍ਰੈਸ਼ਰ ਦੇ ਨਿਯਮਿਤ ਮੁਆਇਨੇ, ਲੈਬ ਵਰਕ, ਜਾਂ EKG ਲਈ। ਅਸੀਂ ਕਾਉਂਟੀ ਤੋਂ ਬਾਹਰ ਉਹਨਾਂ ਲੋਕਾਂ ਨਾਲ ਵੀ ਤੁਹਾਡੀ PHI ਦਾ ਖੁਲਾਸਾ ਕਰ ਸਕਦੇ ਹਾਂ ਜੋ ਤੁਹਾਡੀ ਡਾਕਟਰੀ ਦੇਖਭਾਲ ਵਿੱਚ ਸ਼ਾਮਲ ਹੋ ਸਕਦੇ ਹਨ, ਜਿਵੇਂ ਕਿ ਹੁਨਰਮੰਦ ਨਰਸਿੰਗ ਸਹੂਲਤਾਂ ਜਾਂ ਹੋਮ ਹੈਲਥ ਏਜੰਸੀਆਂ।

***ਭੁਗਤਾਨ ਕਰਨ ਅਤੇ ਅਧਿਕਾਰ ਦੇਣ ਲਈ***

ਅਸੀਂ ਸੇਵਾਵਾਂ ਲਈ ਅਧਿਕਾਰ ਪ੍ਰਾਪਤ ਕਰਨ ਜਾਂ ਮੁਹੱਈਆ ਕਰਨ ਲਈ ਤੁਹਾਡੀ PHI ਤੱਕ ਪਹੁੰਚ, ਇਸ ਦੀ ਵਰਤੋਂ ਜਾਂ ਖੁਲਾਸਾ ਕਰਦੇ ਹਾਂ। ਤੁਹਾਨੂੰ ਮੁਹੱਈਆ ਕੀਤੀਆਂ ਸੇਵਾਵਾਂ ਲਈ ਭੁਗਤਾਨ ਪ੍ਰਾਪਤ ਕਰਨ ਜਾਂ ਅਦਾ ਕਰਨ ਲਈ ਤੁਹਾਡੀ PHI ਤੱਕ ਪਹੁੰਚ ਕੀਤੀ ਜਾਵੇਗੀ, ਇਸ ਦੀ ਵਰਤੋਂ ਕੀਤੀ ਜਾਵੇਗੀ ਅਤੇ ਖੁਲਾਸਾ ਕੀਤਾ ਜਾਵੇਗਾ। ਮਿਸਾਲ ਲਈ, ਬੀਮਾ ਕੰਪਨੀਆਂ ਨੂੰ ਇਲਾਜ ਲਈ ਅਧਿਕਾਰ ਦੇਣ ਅਤੇ ਸੇਵਾਵਾਂ ਦਾ ਭੁਗਤਾਨ ਕਰਨ ਲਈ PHI ਦੀ ਲੋੜ ਹੁੰਦੀ ਹੈ। ਅਸੀਂ ਇਹਨਾਂ ਉਦੇਸ਼ਾਂ ਨੂੰ ਪੂਰਾ ਕਰਨ ਲਈ ਸਿਰਫ ਘੱਟੋ-ਘੱਟ ਜ਼ਰੂਰੀ ਜਾਣਕਾਰੀ ਦਾ ਹੀ ਖੁਲਾਸਾ ਕਰਾਂਗੇ।

***ਸਿਹਤ-ਸੰਭਾਲ ਦੇ ਕੰਮ-ਕਾਜਾਂ ਲਈ***

ਅਸੀਂ ਸਿਹਤ ਦੇਖਭਾਲ ਕਾਰੋਬਾਰ ਦੇ ਸੰਚਾਲਨਾਂ ਲਈ ਤੁਹਾਡੇ ਬਾਰੇ PHI ਤੱਕ ਪਹੁੰਚ ਕਰ ਸਕਦੇ ਹਾਂ, ਇਸ ਨੂੰ ਇਸਤੇਮਾਲ ਕਰ ਸਕਦੇ ਹਾਂ ਅਤੇ ਇਸਦਾ ਖੁਲਾਸਾ ਸਕਦੇ ਹਾਂ। ਇਹ ਇਸਤੇਮਾਲ ਅਤੇ ਖੁਲਾਸੇ ਕਾਉਂਟੀ ਨੂੰ ਚਲਾਉਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹਨ ਕਿ ਸਾਡੇ ਸਾਰੇ ਗਾਹਕਾਂ/ਖਪਤਕਾਰਾਂ ਨੂੰ ਵਧੀਆ ਕੁਆਲਟੀ ਦੀ ਦੇਖਭਾਲ ਹਾਸਲ ਹੋਵੇ। ਮਿਸਾਲ ਦੇ ਤੌਰ 'ਤੇ, ਅਸੀਂ ਤੁਹਾਡੀ PHI ਦਾ ਮੁਲਾਂਕਣ ਇਸਤੇਮਾਲ ਆਪਣੇ ਇਲਾਜ ਅਤੇ ਸੇਵਾਵਾਂ ਦੀ ਪੜਚੋਲ ਕਰਨ ਅਤੇ ਤੁਹਾਡੀ ਦੇਖਭਾਲ ਵਿੱਚ ਲੱਗੇ ਸਾਡੇ ਸਟਾਫ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਕਰ ਸਕਦੇ ਹਾਂ। ਅਸੀਂ ਪੜਚੋਲ ਅਤੇ ਸਿੱਖਣ ਦੇ ਮਕਸਦ ਲਈ ਡਾਕਟਰਾਂ, ਨਰਸਾਂ, ਟੈਕਨੀਸ਼ਨਾਂ, ਡਾਕਟਰੀ ਵਿਦਿਆਰਥੀਆਂ, ਇਨਟਰਨਾਂ ਅਤੇ ਕਾਉਂਟੀ ਦੇ ਹੋਰ ਕਰਮਚਾਰੀਆਂ ਕੋਲ ਜਾਣਕਾਰੀ ਦਾ ਖੁਲਾਸਾ ਕਰ ਸਕਦੇ ਹਾਂ।

***ਸਾਂਝੇ ਕੀਤੇ ਡਾਕਟਰੀ ਰਿਕਾਰਡ/ਸਿਹਤ ਜਾਣਕਾਰੀ ਦੇ ਵਟਾਂਦਰੇ***

ਅਸੀਂ ਸਾਂਝੇ ਕੀਤੇ ਇਲੈਕਟ੍ਰਾਨਿਕ ਡਾਕਟਰੀ ਰਿਕਾਰਡਾਂ ਵਿੱਚ ਆਪਣੇ ਮਰੀਜ਼ਾਂ ਬਾਰੇ PHI ਰੱਖ ਸਕਦੇ ਹਾਂ ਜਿਸ ਨਾਲ ਕਾਉਂਟੀ ਦੇ ਸਹਿਯੋਗੀ PHI ਨੂੰ ਸਾਂਝਾ ਕਰ ਸਕਦੇ ਹਨ। ਅਸੀਂ ਵੱਖ-ਵੱਖ ਇਲੈਕਟ੍ਰੋਨਿਕਸਿਹਤ ਜਾਣਕਾਰੀ ਵਟਾਂਦਰਿਆਂ ਵਿੱਚ ਵੀ ਭਾਗ ਲੈ ਸਕਦੇ ਹਾਂ ਜੋ ਹੋਰਨਾਂ ਸਿਹਤ ਸੰਭਾਲ ਪ੍ਰਦਾਤਾਵਾਂ, ਜੋ ਤੁਹਾਡੀ ਦੇਖਭਾਲ ਕਰਦੇ ਹਨ, ਦੁਆਰਾ PHI ਤੱਕ ਪਹੁੰਚ ਨੂੰ ਸੁਖਾਲਾ ਬਣਾਉਂਦੇ ਹਨ। ਮਿਸਾਲ ਲਈ, ਜੇ ਤੁਹਾਨੂੰ ਕਿਸੇ ਅਜਿਹੇ ਹਸਪਤਾਲ ਵਿੱਚ ਸੰਕਟਕਾਲੀ ਅਧਾਰ 'ਤੇ ਦਾਖਲ ਕੀਤਾ ਜਾਂਦਾ ਹੈ ਜੋ ਸਿਹਤ ਜਾਣਕਾਰੀ ਦੇ ਵਟਾਂਦਰੇ ਵਿੱਚ ਭਾਗ ਲੈਂਦਾ ਹੈ, ਤਾਂ ਵਟਾਂਦਰੇ ਨਾਲ ਅਸੀਂ ਤੁਹਾਡੀ PHI ਉਹਨਾਂ ਨੂੰ ਇਲੈਕਟ੍ਰੋਨਿਕ ਢੰਗ ਨਾਲ ਮੁਹੱਈਆ ਕਰਵਾਈਏ ਜਿਹਨਾਂ ਨੂੰ ਤੁਹਾਡਾ ਇਲਾਜ ਕਰਨ ਲਈ ਇਸ ਦੀ ਲੋੜ ਹੁੰਦੀ ਹੈ।

***ਮੁਲਾਕਾਤ ਤੈਅ ਕਰਨ ਲਈ ਯਾਦ ਪੱਤਰ***

ਅਸੀਂ ਤੁਹਾਨੂੰ ਇਹ ਯਾਦ ਕਰਾਉਣ ਵਾਸਤੇ ਤੁਹਾਨੂੰ ਸੰਪਰਕ ਕਰਨ ਲਈ ਤੁਹਾਡੀ PHI ਤੱਕ ਪਹੁੰਚ ਸਕਦੇ ਹਾਂ ਅਤੇ ਇਸਦਾ ਇਸਤੇਮਾਲ ਅਤੇ ਖੁਲਾਸਾ ਕਰ ਸਕਦੇ ਹਾਂ ਕਿ ਤੁਹਾਡੀ ਕਾਉਂਟੀ ਵਿਖੇ ਇਲਾਜ ਜਾਂ ਡਾਕਟਰੀ ਦੇਖਭਾਲ ਲਈ ਮੁਲਾਕਾਤ ਤੈਅ ਹੈ।

***ਕਾਰੋਬਾਰੀ ਸਹਿਯੋਗੀ***

ਅਸੀਂ ਤੁਹਾਡੀ PHI ਨੂੰ ਵਰਤ ਸਕਦੇ ਹਾਂ ਜਾਂ ਇਸ ਦਾ ਕਿਸੇ ਬਾਹਰੀ ਕੰਪਨੀ ਕੋਲ ਖੁਲਾਸਾ ਕਰ ਸਕਦੇ ਹਾਂ ਜੋ ਸਾਡੀ ਸਿਹਤ ਸੰਭਾਲ ਪ੍ਰਣਾਲੀ ਨੂੰ ਚਲਾਉਣ ਵਿੱਚ ਸਾਡੀ ਮਦਦ ਕਰਦੀ ਹੈ। ਉਹ ਸਾਡੇ ਲਈ ਵੱਖ-ਵੱਖ ਸੇਵਾਵਾਂ ਚਲਾਉਂਦੇ ਹਨ। ਇਹਨਾਂ ਵਿੱਚ ਸ਼ਾਮਲ ਹਨ, ਆਡਿਟ ਕਰਨਾ, ਮਾਨਤਾ ਦੇਣੀ, ਕਾਨੂੰਨੀ ਸੇਵਾਵਾਂ ਅਤੇ ਸਲਾਹ ਦੇਣ ਸਬੰਧੀ ਸੇਵਾਵਾਂ, ਪਰ ਇਹ ਇਹਨਾਂ ਤੱਕ ਹੀ ਸੀਮਤ ਨਹੀਂ ਹਨ। ਇਹਨਾਂ ਬਾਹਰਲੀਆਂ ਕੰਪਨੀਆਂ ਨੂੰ "ਕਾਰੋਬਾਰੀ ਸਹਿਯੋਗੀ" ਕਿਹਾ ਜਾਂਦਾ ਹੈ।

***ਤੁਹਾਡੀ ਦੇਖਭਾਲ ਜਾਂ ਤੁਹਾਡੀ ਦੇਖਭਾਲ ਲਈ ਭੁਗਤਾਨ ਵਿੱਚ ਸ਼ਾਮਲ ਪਰਿਵਾਰਕ ਮੈਂਬਰ ਅਤੇ ਦੋਸਤ***

ਅਸੀਂ ਤੁਹਾਡੀ PHI ਕਿਸੇ ਪਰਿਵਾਰਕ ਮੈਂਬਰ, ਕਿਸੇ ਹੋਰ ਰਿਸ਼ਤੇਦਾਰ, ਕਿਸੇ ਨਜ਼ਦੀਕੀ ਨਿੱਜੀ ਦੋਸਤ, ਜਾਂ ਕਿਸੇ ਹੋਰ ਵਿਅਕਤੀ ਨੂੰ ਜਾਰੀ ਕਰ ਸਕਦੇ ਹਾਂ ਜਿਸ ਦੀ ਪਛਾਣ ਤੁਸੀਂ ਆਪਣੀ ਦੇਖਭਾਲ ਵਿੱਚ ਜਾਂ ਆਪਣੀ ਦੇਖਭਾਲ ਸਬੰਧੀ ਭੁਗਤਾਨ ਵਿੱਚ ਉਸ ਵਿਅਕਤੀ ਦੀ ਸ਼ਮੂਲੀਅਤ ਨਾਲ ਸਬੰਧਤ ਹੋਣ ਵੱਜੋਂ ਕਰਦੇ ਹੋ ਜੇ (ਬਸ਼ਰਤੇ) ਤੁਸੀਂ ਸਹਿਮਤ ਹੋ, ਇਤਰਾਜ ਨਹੀਂ ਕਰਦੇ ਹੋ, ਜਾਂ ਅਸੀਂ ਮੁਨਾਸਬ ਢੰਗ ਨਾਲ ਇਹ ਸਿੱਟ੍ਹਾ ਕੱਢਦੇ ਹਾਂ ਕਿ ਕੋਈ ਇਤਰਾਜ ਨਹੀਂ ਹੈ ਅਤੇ ਉਹ ਪਰਿਵਾਰਕ ਮੈਂਬਰ ਜਾਂ ਦੋਸਤ ਤੁਹਾਡੀ ਸਿਹਤ ਸੰਭਾਲ ਜਾਂ ਤੁਹਾਡੀ ਸਿਹਤ ਸੰਭਾਲ ਲਈ ਭੁਗਤਾਨ ਵਿੱਚ ਸ਼ਾਮਲ ਹੁੰਦਾ ਹੈ। ਜੇ ਤੁਸੀਂ ਮੌਜੂਦ ਨਹੀਂ ਹੋ ਜਾਂ ਅਸਮਰੱਥ ਹੋ ਜਾਂ ਇਹ ਇੱਕ ਸੰਕਟਕਾਲੀ ਜਾਂ ਵਿਪਤਾ ਤੋਂ ਰਾਹਤ ਪਹੁੰਚਾਉਣ ਵਾਲੀ ਸਥਿਤੀ ਹੈ, ਤਾਂ ਅਸੀਂ ਇਹ ਨਿਰਧਾਰਣ ਕਰਨ ਲਈ ਆਪਣੀ ਪੇਸ਼ੇਵਰ ਪਰਖ ਦੀ ਵਰਤੋਂ ਕਰਾਂਗੇ ਕਿ ਕੀ ਸੀਮਤ PHI ਦਾ ਖੁਲਾਸਾ ਹਾਲਾਤ ਤਹਿਤ ਤੁਹਾਡੇ ਬਿਹਤਰੀਨ ਹਿੱਤਾਂ ਵਿੱਚ ਹੈ। ਅਸੀਂ PHI ਦਾ ਖੁਲਾਸਾ ਐਗਜ਼ੀਕਿਊਟਰ, ਐਡਮਿਨਿਸਟ੍ਰੇਟਰ, ਜਾਂ ਮ੍ਰਿਤਕ ਵਿਅਕਤੀ ਦੀ ਸੰਪਤੀ 'ਤੇ ਅਧਿਕਾਰ ਰੱਖਣ ਵਾਲੇ ਕਿਸੇ ਵਿਅਕਤੀ ਕੋਲ ਕਰ ਸਕਦੇ ਹਾਂ।

***ਖੋਜ***

ਅਸੀਂ ਖੋਜ ਉਦੇਸ਼ਾਂ ਲਈ ਤੁਹਾਡੇ ਬਾਰੇ PHI ਤੱਕ ਪਹੁੰਚ ਸਕਦੇ ਹਾਂ, ਇਸਦਾ ਇਸਤੇਮਾਲ ਅਤੇ ਖੁਲਾਸਾ ਕਰ ਸਕਦੇ ਹਾਂ। ਕਿਸੇ ਖੋਜ ਪ੍ਰੋਜੈਕਟ ਵਿੱਚ ਇੱਕ ਦਵਾਈ ਲੈਣ ਵਾਲੇ ਉਹਨਾਂ ਸਾਰੇ ਗਾਹਕਾਂ/ਖਪਤਕਾਰਾਂ ਦੀ ਸਿਹਤ ਅਤੇ ਮੁੜ ਸਿਹਤਯਾਬੀ ਦੀ ਤੁਲਨਾ ਉਹਨਾਂ ਮਰੀਜ਼ਾਂ ਨਾਲ ਕਰਨਾ ਸ਼ਾਮਲ ਹੋ ਸਕਦਾ ਹੈ ਜੋ ਉਸੇ ਬਿਮਾਰੀ ਲਈ ਕੋਈ ਹੋਰ ਦਵਾਈ ਲੈਂਦੇ ਹਨ। ਸਾਰੇ ਖੋਜ ਪ੍ਰੋਜੈਕਟ ਵਿਸ਼ੇਸ਼ ਪ੍ਰਵਾਨਗੀ ਪ੍ਰਕਿਰਿਆ ਦੇ ਅਧੀਨ ਹੁੰਦੇ ਹਨ। ਇਹ ਪ੍ਰਕਿਰਿਆ, ਖੋਜ ਦੀਆਂ ਲੋੜਾਂ ਦਾ ਆਪਣੀਆਂ PHI ਦੀਆਂ ਗੁਪਤਤਾ ਲੋੜਾਂ ਦੀ ਗਾਹਕਾਂ/ਖਪਤਕਾਰਾਂ ਦੀ ਲੋੜ ਵਿਚਾਲੇ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰਦੇ ਹੋਏ, ਪ੍ਰਸਤਾਵਿਤ ਖੋਜ ਪ੍ਰੋਜੈਕਟ ਅਤੇ ਇਸ ਦੁਆਰਾ PHI ਦੇ ਇਸਤੇਮਾਲ ਦਾ ਮੁਲਾਂਕਣ ਕਰਦੀ ਹੈ। ਇਸ ਤੋਂ ਪਹਿਲਾਂ ਕਿ ਅਸੀਂ ਖੋਜ ਲਈ PHI ਦਾ ਇਸਤੇਮਾਲ ਜਾਂ ਖੁਲਾਸਾ ਕਰੀਏ, ਪ੍ਰੋਜੈਕਟ ਨੂੰ ਇਸ ਖੋਜ ਪ੍ਰਵਾਨਗੀ ਪ੍ਰਕਿਰਿਆ ਰਾਹੀਂ ਪ੍ਰਵਾਨਗੀ ਲੈਣੀ ਪਵੇਗੀ। ਪਰ ਅਸੀਂ ਖੋਜ ਪ੍ਰੋਜੈਕਟ ਦੀ ਤਿਆਰੀ ਕਰਨ ਵਾਲੇ ਲੋਕਾਂ ਕੋਲ ਤੁਹਾਡੇ ਬਾਰੇ PHI ਦਾ ਖੁਲਾਸਾ ਕਰ ਸਕਦੇ ਹਾਂ, ਮਿਸਾਲ ਦੇ ਤੌਰ 'ਤੇ, ਵਿਸ਼ੇਸ਼ ਡਾਕਟਰੀ ਲੋੜਾਂ ਵਾਲੇ ਗਾਹਕਾਂ/ਖਪਤਕਾਰਾਂ ਨੂੰ ਦੇਖਣ ਵਿੱਚ ਉਹਨਾਂ ਦੀ ਮਦਦ ਕਰਨ ਵਾਸਤੇ, ਬਸ਼ਰਤੇ ਕਿ ਜਿਸ PHI ਦੀ ਉਹ ਪੜਚੋਲ ਕਰਦੇ ਹਨ ਉਹ ਇਸ ਕਾਉਂਟੀ ਤੋਂ ਬਾਹਰ ਨਾ ਜਾਵੇ। ਜੇ ਖੋਜਕਾਰ ਦੀ ਤੁਹਾਡੇ ਨਾਮ, ਪਤੇ ਜਾਂ ਹੋਰ ਜਾਣਕਾਰੀ ਤਕ ਪਹੁੰਚ ਹੋਵੇਗੀ, ਜਿਸ ਨਾਲ ਇਹ ਜਾਹਰ ਹੁੰਦਾ ਹੋਵੇ ਕਿ ਤੁਸੀਂ ਕੌਣ ਹੋ, ਜਾਂ ਤੁਹਾਡੀ ਦੇਖਭਾਲ ਵਿੱਚ ਕੌਣ ਸ਼ਾਮਲ ਹੋਵੇਗਾ, ਤਾਂ ਅਸੀਂ ਤੁਹਾਡੀ ਖਾਸ ਆਗਿਆ ਮੰਗਾਗੇ।

***ਜਿਵੇਂ ਕਿ ਕਾਨੂੰਨ ਦੁਆਰਾ ਲੋੜੀਂਦਾ ਹੈ***

ਜਦੋਂ ਸੰਘੀ, ਸੂਬਾਈ ਜਾਂ ਸਥਾਨਕ ਕਾਨੂੰਨ ਦੁਆਰਾ ਲੋੜੀਂਦਾ ਹੋਵੇਗਾ ਅਸੀਂ ਤੁਹਾਡੇ ਬਾਰੇ PHI ਦਾ ਖੁਲਾਸਾ ਕਰਾਂਗੇ।

***ਸਿਹਤ ਜਾਂ ਸੁਰੱਖਿਆ ਲਈ ਗੰਭੀਰ ਖ਼ਤਰੇ ਨੂੰ ਰੋਕਣ ਵਾਸਤੇ***

ਤੁਹਾਡੀ ਸਿਹਤ ਅਤੇ ਸੁਰੱਖਿਆ ਜਾਂ ਜਨਤਾ ਜਾਂ ਕਿਸੇ ਹੋਰ ਵਿਅਕਤੀ ਦੀ ਸਿਹਤ ਅਤੇ ਸੁਰੱਖਿਆ ਨੂੰ ਗੰਭੀਰ ਖਤਰੇ ਤੋਂ ਬਚਾਉਣ ਲਈ, ਜਦੋਂ ਜ਼ਰੂਰੀ ਹੋਵੇ, ਅਸੀਂ ਤੁਹਾਡੇ ਬਾਰੇ PHI ਤੱਕ ਪਹੁੰਚ ਸਕਦੇ ਹਾਂ, ਅਤੇ ਇਸਦਾ ਅਤੇ ਖੁਲਾਸਾ ਕਰ ਸਕਦੇ ਹਾਂ।

***ਅੰਗ ਅਤੇ ਟਿਸ਼ੂ ਦਾਨ***

ਅਸੀਂ ਤੁਹਾਡੀ PHI ਉਹਨਾਂ ਸੰਸਥਾਵਾਂ ਨੂੰ ਦੇ ਸਕਦੇ ਹਾਂ ਜੋ ਅੰਗ ਦੀ ਪ੍ਰਾਪਤੀ ਜਾਂ ਅੰਗ, ਅੱਖ ਜਾਂ ਟਿਸ਼ੂ ਟ੍ਰਾਂਸਪਲਾਂਟੇਸ਼ਨ ਜਾਂ ਕਿਸੇ ਅੰਗ ਦਾਨ ਬੈਂਕ ਨਾਲ ਕੰਮ ਕਰਦੀਆਂ ਹਨ।

***ਫੌਜ ਅਤੇ ਸਾਬਕਾ ਫੌਜੀ***

ਜੇ ਤੁਸੀਂ ਹਥਿਆਰਬੰਦ ਬਲਾਂ ਦੇ ਮੈਂਬਰ ਹੋ, ਤਾਂ ਅਸੀਂ ਮਿਲਟਰੀ ਕਮਾਂਡ ਅਥਾਰਿਟੀ ਵੱਲੋਂ ਮੰਗ ਕਰ ਦੇ ਅਨੁਸਾਰ, ਤੁਹਾਡੇ ਬਾਰੇ PHI ਦੇ ਸਕਦੇ ਹਾਂ। ਅਸੀਂ ਵਿਦੇਸ਼ੀ ਫੌਜੀ ਕਰਮਚਾਰੀਆਂ ਬਾਰੇ PHI ਵੀ ਢੁਕਵੀਂ ਵਿਦੇਸ਼ੀ ਫੌਜੀ ਅਥਾਰਿਟੀ ਕੋਲ ਦੇ ਸਕਦੇ ਹਾਂ।

***ਕਰਮਚਾਰੀਆਂ ਦਾ ਮੁਆਵਜ਼ਾ***

ਅਸੀਂ ਤੁਹਾਡੇ ਬਾਰੇ PHI ਨੂੰ ਵਰਕਰਾਂ ਦੇ ਮੁਆਵਜ਼ੇ ਜਾਂ ਇਹੋ ਜਿਹੇ ਪ੍ਰੋਗਰਾਮਾਂ ਲਈ ਜਾਰੀ ਕਰ ਸਕਦੇ ਹਾਂ।

***ਜਨਤਕ ਸਿਹਤ ਅਤੇ ਸਰੱਖਿਆ***

ਅਸੀਂ ਜਨਤਕ ਸਿਹਤ ਅਤੇ ਸੁਰੱਖਿਆ ਗਤੀਵਿਧੀਆਂ ਲਈ ਤੁਹਾਡੇ ਬਾਰੇ PHI ਦਾ ਖੁਲਾਸਾ ਕਰ ਸਕਦੇ ਹਾਂ ਜਦੋਂ ਅਜਿਹੇ ਖੁਲਾਸੇ ਕਾਨੂੰਨ ਦੁਆਰਾ ਜ਼ਰੂਰੀ ਬਣਾਏ ਜਾਂਦੇ ਹਨ। ਜਨਤਕ ਸਿਹਤ ਅਤੇ ਸੁਰੱਖਿਆ ਗਤੀਵਿਧੀਆਂ ਵਿੱਚ ਆਮ ਤੌਰ 'ਤੇ ਹੇਠ ਲਿਖੀਆਂ ਗੱਲਾਂ ਸ਼ਾਮਲ ਹੁੰਦੀਆਂ ਹਨ: ਬਿਮਾਰੀ, ਸੱਟ, ਜਾਂ ਅਪਾਹਜਤਾ ਨੂੰ ਰੋਕਣਾ ਜਾਂ ਨਿਯੰਤਰਤ ਕਰਨਾ; ਜਨਮ ਅਤੇ ਮੌਤਾਂ ਬਾਰੇ ਰਿਪੋਰਟ ਕਰਨੀ; ਬੱਚਿਆਂ, ਬਜ਼ੁਰਗਾਂ ਅਤੇ ਨਿਰਭਰ ਬਾਲਗਾਂ ਨਾਲ ਦੁਰਵਿਹਾਰ ਜਾਂ ਅਣਦੇਖੀ ਦੀ ਰਿਪੋਰਟ ਕਰਨੀ, ਜਿਸ ਵਿੱਚ ਅਜਿਹੀ ਘਰੇਲੂ ਹਿੰਸਾ ਸ਼ਾਮਲ ਹੈ ਜੋ ਬੱਚੇ, ਬਜ਼ੁਰਗ ਜਾਂ ਨਿਰਭਰ ਬਾਲਗ ਨੂੰ ਜੋਖਮ ਵਿੱਚ ਪਾ ਸਕਦੀ ਹੈ; ਦਵਾਈਆਂ ਪ੍ਰਤੀ ਪ੍ਰਤੀਕਿਰਿਆਵਾਂ ਜਾਂ ਉਤਪਾਦਾਂ ਸੰਬੰਧੀ ਸਮੱਸਿਆਵਾਂ ਬਾਰੇ ਰਿਪੋਰਟ ਕਰਨੀ; ਲੋਕਾਂ ਨੂੰ ਉਤਪਾਦਾਂ ਨੂੰ ਵਾਪਸ ਕਰਨ ਬਾਰੇ ਸੂਚਿਤ ਕਰਨ ਜਿਨ੍ਹਾਂ ਦਾ ਹੋ ਸਕਦਾ ਹੈ ਕਿ ਉਹ ਇਸਤੇਮਾਲ ਕਰਦੇ ਹੋਣ; ਉਸ ਵਿਅਕਤੀ ਨੂੰ ਸੂਚਿਤ ਕਰਨਾ ਜੋ ਹੋ ਸਕਦਾ ਹੈ ਕਿ ਕਿਸੇ ਬਿਮਾਰੀ ਦੇ ਸੰਪਰਕ ਵਿੱਚ ਆਇਆ ਹੋਵੇ ਜਾਂ ਉਸ ਨੂੰ ਕਿਸੇ ਬਿਮਾਰੀ ਜਾਂ ਰੋਗ ਲੱਗਣ ਦਾਂ ਜਾਂ ਫੈਲਾਉਣ ਦਾ ਜੋਖ਼ਮ ਹੋਵੇ।

***ਵਿਦਿਆਰਥੀਆਂ ਦੇ ਟੀਕਾਕਰਨ ਰਿਕਾਰਡ***

ਅਸੀਂ ਉਸ ਵਿਅਕਤੀ ਬਾਰੇ PHI ਜਾਰੀ ਕਰ ਸਕਦੇ ਹਾਂ ਜੋ ਕੋਈ ਵਿਦਿਆਰਥੀ ਜਾਂ ਸੰਭਾਵੀ ਵਿਦਿਆਰਥੀ ਹੈ ਜੇ PHI ਟੀਕਾਕਰਨ ਦੇ ਸਬੂਤ ਤੱਕ ਸੀਮਤ ਹੈ ਅਤੇ ਵਿਅਕਤੀ ਨੂੰ ਦਾਖਲ ਕਰਨ ਲਈ ਅਜਿਹੇ ਸਬੂਤ ਦੀ ਕਾਨੂੰਨੀ ਤੌਰ 'ਤੇ ਲੋੜ ਹੈ।

***ਸਿਹਤ ਦੀ ਨਿਗਰਾਨੀ ਵਾਲੀਆਂ ਗਤੀਵਿਧੀਆਂ***

ਅਸੀਂ ਤੁਹਾਡੀ PHI ਦਾ ਖੁਲਾਸਾ ਸਿਹਤ ਨਿਗਰਾਨ ਏਜੰਸੀ ਕੋਲ ਕਾਨੂੰਨ ਦੁਆਰਾ ਅਧਿਕਾਰਤ ਗਤੀਵਿਧੀਆਂ ਲਈ ਕਰਾਂਗੇ। ਇਹਨਾਂ ਨਿਗਰਾਨ ਗਤੀਵਿਧੀਆਂ ਵਿੱਚ ਸ਼ਾਮਲ ਹਨ ਲੇਖਾ-ਜਾਂਚਾਂ, ਜਾਂਚ-ਪੜਤਾਲਾਂ, ਜਾਚਾਂ, ਅਤੇ ਲਾਇਸੈਂਸ ਦੇਣਾ।

***ਕਾਨੂੰਨੀ ਅਤੇ ਪ੍ਰਬੰਧਕੀ ਕਾਰਵਾਈਆਂ***

ਜੇ ਤੁਸੀਂ ਕਿਸੇ ਫੌਜਦਾਰੀ ਅਦਾਲਤੀ ਕੇਸ, ਕਿਸੇ ਦੀਵਾਨੀ ਮੁਕੱਦਮੇ, ਜਾਂ ਇੱਕ ਪ੍ਰਸ਼ਾਸਨਿਕ ਕਾਰਵਾਈ ਵਿੱਚ ਸ਼ਾਮਲ ਹੋ, ਤਾਂ ਅਸੀਂ ਅਦਾਲਤ ਜਾਂ ਪ੍ਰਸ਼ਾਸਨਿਕ ਹੁਕਮ, ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ, ਖੋਜ ਦੀ ਬੇਨਤੀ, ਜਾਂ ਕਿਸੇ ਹੋਰ ਕਾਨੂੰਨੀ ਪ੍ਰਕਿਰਿਆ 'ਤੇ ਪ੍ਰਤਿਕਿਰਿਆ ਵੱਜੋਂ ਤੁਹਾਡੇ ਬਾਰੇ PHI ਦਾ ਖੁਲਾਸਾ ਕਰ ਸਕਦੇ ਹਾਂ।

***ਕਾਨੂੰਨ ਲਾਗੂਕਰਨ***

ਜੇ ਕਾਨੂੰਨ ਦੁਆਰਾ ਜ਼ਰੂਰੀ ਹੋਵੇ ਤਾਂ ਅਸੀਂ ਲਾਅ ਇਨਫੋਰਸਮੈਂਟ ਕੋਲ ਤੁਹਾਡੀ PHI ਜਾਰੀ ਕਰ ਸਕਦੇ ਹਾਂ।

***ਕੋਰੋਨਰ (ਸ਼ੱਕੀ ਮੌਤ ਦੀ ਪੜਤਾਲ ਕਰਨ ਵਾਲਾ), ਡਾਕਟਰੀ ਜਾਂਚਕਰਤਾ ਅਤੇ ਫਿਊਨਰਲ ਡਾਇਰੈਕਟਰ (ਅੰਤਮ ਸੰਸਕਾਰ ਦਾ ਪ੍ਰਬੰਧ ਕਰਨ ਵਾਲੇ)***

ਅਸੀਂ ਕੋਰੋਨਰ ਜਾਂ ਡਾਕਟਰੀ ਜਾਂਚਕਰਤਾ ਨੂੰ PHI ਦੇ ਸਕਦੇ ਹਾਂ। ਇਹ ਮਿਸਾਲ ਦੇ ਤੌਰ 'ਤੇ, ਮ੍ਰਿਤਕ ਵਿਅਕਤੀ ਦੀ ਸ਼ਨਾਖਤ ਕਰਨ ਜਾਂ ਮੌਤ ਦਾ ਕਾਰਨ ਨਿਰਧਾਰਤ ਕਰਨ ਲਈ ਜ਼ਰੂਰੀ ਹੋ ਸਕਦਾ ਹੈ। ਅਸੀਂ ਇਸ ਕਾਉਂਟੀ ਦੇ ਗਾਹਕਾਂ/ਖਪਤਕਾਰਾਂ ਬਾਰੇ PHI ਫਿਊਨਰਲ ਡਾਇਰੈਕਟਰਾਂ ਨੂੰ ਵੀ ਦੇ ਸਕਦੇ ਹਾਂ ਜੋ ਉਹਨਾਂ ਦੀਆਂ ਡਿਊਟੀਆਂ ਪੂਰੀ ਕਰਨ ਲਈ ਲੋੜੀਂਦੀ ਹੋਵੇ।

***ਰਾਸ਼ਟਰੀ ਸੁਰੱਖਿਆ ਅਤੇ ਖੁਫੀਆ ਗਤੀਵਿਧੀਆਂ***

ਅਸੀਂ ਖੁਫੀਆ, ਵਾਪਸੀ-ਖੁਫੀਆ, ਅਤੇ ਕਾਨੂੰਨ ਦੁਆਰਾ ਲੋੜੀਂਦਾ ਹੋਣ 'ਤੇ ਹੋਰ ਰਾਸ਼ਟਰੀ ਸੁਰੱਖਿਆ ਗਤੀਵਿਧੀਆਂ ਲਈ ਅਧਿਕਾਰਤ ਸੰਘੀ ਅਧਿਕਾਰੀਆਂ ਨੂੰ ਤੁਹਾਡੇ ਬਾਰੇ PHI ਦੇ ਸਕਦੇ ਹਾਂ।

***ਰਾਸ਼ਟਰਪਤੀ ਅਤੇ ਹੋਰਨਾਂ ਲਈ ਸੁਰੱਖਿਆਤਮਕ ਸੇਵਾਵਾਂ***

ਅਸੀਂ ਤੁਹਾਡੇ ਬਾਰੇ PHI ਦਾ ਖੁਲਾਸਾ ਅਧਿਕਾਰਤ ਸੰਘੀ ਅਧਿਕਾਰੀਆਂ ਕੋਲ ਕਰ ਸਕਦੇ ਹਾਂ ਤਾਂ ਜੋ ਉਹ ਰਾਸ਼ਟਰਪਤੀ, ਹੋਰ ਅਧਿਕਾਰਤ ਵਿਅਕਤੀਆਂ, ਵਿਦੇਸ਼ੀ ਰਾਜਾਂ ਦੇ ਮੁਖੀਆਂ ਨੂੰ ਸੁਰੱਖਿਆ ਮੁਹੱਈਆ ਕਰ ਸਕਣ, ਜਾਂ ਉਹ ਵਿਸ਼ੇਸ਼ ਜਾਂਚ-ਪੜਤਾਲਾਂ ਕਰ ਸਕਣ।

***ਕੈਦੀ***

ਜੇ ਤੁਸੀਂ ਸੁਧਾਰ ਘਰ ਵਿੱਚ ਕੈਦੀ ਹੋ ਜਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਦੀ ਹਿਰਾਸਤ ਵਿੱਚ ਹੋ, ਤਾਂ ਅਸੀਂ ਤੁਹਾਡੇ ਬਾਰੇ PHI ਸੁਧਾਰ ਸੰਸਥਾ ਜਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਨੂੰ ਦੇ ਸਕਦੇ ਹਾਂ। ਇਹ ਜਾਣਕਾਰੀ ਦਾ ਖੁਲਾਸਾ ਜ਼ਰੂਰੀ ਹੋਵੇਗਾ (1) ਸੰਸਥਾ ਦੁਆਰਾ ਤੁਹਾਨੂੰ ਸਿਹਤ ਦੇਖਭਾਲ ਮੁਹੱਈਆ ਕਰਨ ਲਈ; (2) ਤੁਹਾਡੀ ਸਿਹਤ ਅਤੇ ਸੁਰੱਖਿਆ ਜਾਂ ਹੋਰਨਾਂ ਦੀ ਸਿਹਤ ਅਤੇ ਸੁਰੱਖਿਆ ਦੀ ਰਾਖੀ ਕਰਨ ਲਈ; ਜਾਂ (3) ਸੁਧਾਰ ਸੰਸਥਾਂ ਦੀ ਸੁਰੱਖਿਆ ਅਤੇ ਸਲਾਮਤੀ ਲਈ।

***ਅਮਰੀਕਾ ਦੇ ਸਿਹਤ ਅਤੇ ਮਾਨਵ ਸੇਵਾਵਾਂ ਵਿਭਾਗ ਦਾ ਸੈਕ੍ਰੇਟਰੀ***

ਅਸੀਂ HIPAA ਦੇ ਨਿੱਜਤਾ ਨਿਯਮ ਦੀ ਕਾਉਂਟੀ ਦੁਆਰਾ ਪਾਲਣਾ ਬਾਰੇ ਜਾਂਚ ਕਰਨ ਜਾਂ ਨਿਰਧਾਰਣ ਕਰਨ ਲਈ ਸੈਕਰ੍ਰੇਟਰੀ ਨੂੰ ਤੁਹਾਡੀ PHI ਜਾਰੀ ਕਰ ਸਕਦੇ ਹਾਂ।

***ਤੁਹਾਡੇ ਬਾਰੇ PHI ਸੰਬੰਧੀ ਤੁਹਾਡੇ ਅਧਿਕਾਰ***

***ਜਾਂਚ ਅਤੇ ਨਕਲ ਦਾ ਅਧਿਕਾਰ***

ਤੁਹਾਨੂੰ PHI ਦੀ ਜਾਂਚ ਅਤੇ ਨਕਲ ਦਾ ਅਧਿਕਾਰ ਹੈ, ਸਿਵਾਏ ਉਹਨਾਂ ਸੀਮਤ ਹਾਲਾਤ ਤਹਿਤ ਜਿਹਨਾਂ ਨੂੰ 45 C.F.R. 164.524 ਤਹਿਤ ਸੂਚੀਬੱਧ ਕੀਤਾ ਗਿਆ ਹੈ, ਜਦੋਂ ਤੱਕ ਅਸੀਂ ਕਾਨੂੰਨੀ ਦੀ ਲੋੜ ਅਨੁਸਾਰ ਇਸ ਦੀ ਸੰਭਾਲ ਕਰਦੇ ਹਾਂ। ਇਹ ਅਧਿਕਾਰ ਡਾਕਟਰੀ ਅਤੇ ਬਿਲਿੰਗ ਰਿਕਾਰਡਾਂ ਤੱਕ ਫੈਲਿਆ ਹੁੰਦਾ ਹੈ, ਪਰ ਹੋ ਸਕਦਾ ਹੈ ਇਹ ਕੁਝ ਸਿਹਤ ਜਾਣਕਾਰੀ ਲਾਗੂ ਨਾ ਹੋਵੇ, ਜਿਵੇਂ ਕਿ ਸਾਈਕੋਥੈਰੇਪੀ ਦੇ ਵੇਰਵੇ, ਦੀਵਾਨੀ ਜਾਂ ਫੌਜਦਾਰੀ ਕਾਰਵਾਈਆਂ ਦੀ ਅਨੁਪਾਲਣਾ ਸਬੰਧੀ ਜਾਣਕਾਰੀ ਅਤੇ 1988 ਦੀਆਂ ਕਲਿਨਿਕਲ ਲੈਬਾਰਟਰੀ ਸੁਧਾਰ ਸੋਧਾਂ ਤਹਿਤ ਰੱਖੀ ਗਈ PHI। ਤੁਹਾਨੂੰ ਪਹੁੰਚ ਲਈ ਆਪਣੀ ਬੇਨਤੀ ਲਾਜ਼ਮੀ ਤੌਰ 'ਤੇ ਲਿਖਤੀ ਰੂਪ ਵਿੱਚ ਕਰਨੀ ਚਾਹੀਦੀ ਹੈ।

ਜੇ ਤੁਸੀਂ ਉਸ PHI ਦੀ ਕਾਪੀ ਲਈ ਬੇਨਤੀ ਕਰਦੇ ਹੋ ਜੋ ਕਾਉਂਟੀ ਕੋਲ ਤੁਹਾਡੇ ਬਾਰੇ ਹੈ, ਤਾਂ ਅਸੀਂ ਕਾਪੀ ਕਰਨ, ਡਾਕ ਰਾਹੀਂ ਭੇਜਣ ਜਾਂ ਤੁਹਾਡੀ ਬੇਨਤੀ ਨਾਲ ਸੰਬੰਧਤ ਹੋਰ ਪੂਰਤੀਆਂ ਦੀਆਂ ਲਾਗਤਾਂ ਲਈ ਤੁਹਾਡੇ ਤੋਂ ਫੀਸ ਵਸੂਲ ਸਕਦੇ ਹਾਂ। ਤੁਹਾਨੂੰ ਇਸ ਜਾਣਕਾਰੀ ਦੇ ਸਾਰ ਦੀ ਮੰਗ ਕਰਨ ਦਾ ਵੀ ਹੱਕ ਹੁੰਦਾ ਹੈ। ਜੇ ਤੁਸੀਂ ਸਾਰ ਲਈ ਬੇਨਤੀ ਕਰਦੇ ਹੋ, ਤਾਂ ਅਸੀਂ ਮਾਮੂਲੀ ਫੀਸ ਲੈ ਸਕਦੇ ਹਾਂ।

ਅਸੀਂ ਕੁਝ ਖਾਸ ਸੀਮਿਤ ਹਾਲਾਤ ਵਿੱਚ ਜਾਂਚ ਅਤੇ ਤੁਹਾਡੀ PHI ਨੂੰ ਕਾਪੀ ਕਰਨ ਦੀ ਤੁਹਾਡੀ ਬੇਨਤੀ ਨੂੰ ਨਾਮਨਜ਼ੂਰ ਕਰ ਸਕਦੇ ਹਾਂ। ਜੇ ਤੁਹਾਡੀ PHI ਤਕ ਪਹੁੰਚ ਨੂੰ ਨਾਮਨਜ਼ੂਰ ਕੀਤਾ ਜਾਂਦਾ ਹੈ ਤਾਂ, ਉਹਨਾਂ ਸੀਮਿਤ ਹਾਲਾਤ ਵਿੱਚ ਤੁਸੀਂ ਬੇਨਤੀ ਕਰ ਸਕਦੇ ਹੋ ਕਿ ਇਸ ਨਾਮਨਜ਼ੂਰੀ ਦੀ ਪੜਚੋਲ ਕੀਤੀ ਜਾਵੇ। ਇਸ ਕਾਉਂਟੀ ਵੱਲੋਂ ਚੁਣਿਆ ਗਿਆ ਇੱਕ ਲਾਇਸੈਂਸਸ਼ੁਦਾ ਸਿਹਤ ਦੇਖਭਾਲ ਪੇਸ਼ਾਵਰ ਤੁਹਾਡੀ ਬੇਨਤੀ ਅਤੇ ਨਾਮਨਜ਼ੂਰੀ ਦੀ ਪੜਚੋਲ ਕਰੇਗਾ। ਪੜਚੋਲ ਕਰਨ ਵਾਲਾ ਲਾਇਸੈਂਸਸ਼ੁਦਾ ਸਿਹਤ ਦੇਖਭਾਲ ਪੇਸ਼ਾਵਰ ਉਹ ਵਿਅਕਤੀ ਨਹੀਂ ਹੋਵੇਗਾ ਜਿਸ ਨੇ ਤੁਹਾਡੀ ਬੇਨਤੀ ਨੂੰ ਨਾਮਨਜ਼ੂਰ ਕੀਤਾ ਸੀ। ਅਸੀਂ ਪੜਚੋਲ ਦੇ ਨਤੀਜੇ ਦੀ ਪਾਲਣਾ ਕਰਾਂਗੇ।

***ਸੋਧ ਦਾ ਅਧਿਕਾਰ***

ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਸਾਡੇ ਕੋਲ ਮੌਜੂਦ ਤੁਹਾਡੀ PHI ਗਲਤ ਜਾਂ ਅਧੂਰੀ ਹੈ ਤਾਂ ਤੁਸੀਂ ਸਾਨੂੰ ਜਾਣਕਾਰੀ ਵਿੱਚ ਸੋਧ ਕਰਨ ਲਈ ਕਹਿ ਸਕਦੇ ਹੋ। ਤੁਹਾਨੂੰ ਸੋਧ ਵਾਸਤੇ ਬੇਨਤੀ ਕਰਨ ਦਾ ਅਧਿਕਾਰ ਹੈ ਜਦ ਤਕ ਇਹ ਜਾਣਕਾਰੀ ਇਸ ਕਾਉਂਟੀ ਕੋਲ ਹੈ ਜਾਂ ਇਸ ਦੇ ਲਈ ਹੈ। ਤੁਹਾਡੀ ਬੇਨਤੀ ਲਾਜ਼ਮੀ ਤੌਰ ਤੇ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ। ਤੁਹਾਨੂੰ ਆਪਣੀ ਬੇਨਤੀ ਦਾ ਸਮਰਥਨ ਕਰਨ ਵਾਲਾ ਕਾਰਨ ਜ਼ਰੂਰ ਮੁਹੱਈਆ ਕਰਨਾ ਚਾਹੀਦਾ ਹੈ।

ਅਸੀਂ ਤੁਹਾਡੀ ਬੇਨਤੀ ਨੂੰ ਨਾਮਨਜ਼ੂਰ ਕਰ ਸਕਦੇ ਹਾਂ ਜੇ ਇਹ ਲਿਖਤੀ ਰੂਪ ਵਿੱਚ ਨਹੀਂ ਹੈ ਜਾਂ ਇਸ ਵਿੱਚ ਤੁਹਾਡੀ ਬੇਨਤੀ ਦੇ ਸਮਰਥਨ ਵਿੱਚ ਕਾਰਨ ਸ਼ਾਮਲ ਨਹੀਂ ਹਨ।

ਅਸੀਂ ਬੇਨਤੀ ਨੂੰ ਨਾਮਨਜ਼ੂਰ ਕਰ ਸਕਦੇ ਹਾਂ ਜੇ ਤੁਸੀਂ ਸਾਨੂੰ ਉਸ ਜਾਣਕਾਰੀ ਵਿੱਚ ਸੋਧ ਕਰਨ ਲਈ ਕਹਿੰਦੇ ਹੋ ਜੋ:

- ਸਾਡੇ ਦੁਆਰਾ ਤਿਆਰ ਨਹੀਂ ਕੀਤੀ ਗਈ ਸੀ, ਜਦ ਤਕ ਕਿ ਜਾਣਕਾਰੀ ਤਿਆਰ ਕਰਨ ਵਾਲੇ ਵਿਅਕਤੀ ਜਾਂ ਸੰਸਥਾ ਸੋਧ ਕਰਨ ਲਈ ਉਪਲਬਧ ਹੈ
- ਉਸ PHI ਦਾ ਹਿੱਸਾ ਨਹੀਂ ਹੈ ਜੋ ਕਾਉਂਟੀ ਕੋਲ ਹੈ ਜਾਂ ਇਸ ਦੇ ਲਈ ਹੈ;
- ਉਸ ਜਾਣਕਾਰੀ ਦਾ ਹਿੱਸਾ ਨਹੀਂ ਹੈ ਜਿਸ ਦੀ ਤੁਹਾਨੂੰ ਜਾਂਚ ਕਰਨ ਅਤੇ ਕਾਪੀ ਕਰਨ ਦੀ ਇਜਾਜ਼ਤ ਹੋਵੇਗੀ, ਜਾਂ

- ਦਰੁਸਤ ਅਤੇ ਮੁਕੰਮਲ ਹੈ।

ਜੇ ਅਸੀਂ ਸੋਧ ਲਈ ਤੁਹਾਡੀ ਬੇਨਤੀ ਤੋਂ ਇਨਕਾਰ ਕਰਦੇ ਹਾਂ, ਤਾਂ ਤੁਹਾਡੇ ਕੋਲ ਆਪਣੇ ਰਿਕਾਰਡਾਂ ਵਿੱਚ ਕਿਸੇ ਵੀ ਆਈਟਮ ਜਾਂ ਸਟੇਟਮੈਂਟ, ਜਿਸ ਨੂੰ ਤੁਸੀਂ ਅਧੂਰੀ ਜਾਂ ਗਲਤ ਮੰਨਦੇ ਹੋ, ਦੇ ਸਬੰਧ ਵਿੱਚ ਲਿਖਤੀ ਅੰਤਿਕਾ ਜਮਾਂ ਕਰਵਾਉਣ ਦਾ ਅਧਿਕਾਰ ਹੈ, ਜੋ 250 ਸ਼ਬਦਾਂ ਤੋਂ ਜ਼ਿਆਦਾ ਨਾ ਹੋਵੇ। ਜੇ ਤੁਸੀਂ ਲਿਖਤੀ ਰੂਪ ਵਿੱਚ ਸਾਫ ਤੌਰ 'ਤੇ ਇਹ ਦੱਸਦੇ ਹੋ ਕਿ ਤੁਸੀਂ ਅੰਤਿਕਾ ਨੂੰ ਆਪਣੀ PHI ਦਾ ਹਿੱਸਾ ਬਣਾਉਣਾ ਚਾਹੁੰਦੇ ਹੋ, ਅਸੀਂ ਇਸ ਨੂੰ ਤੁਹਾਡੇ ਰਿਕਾਰਡਾਂ ਨਾਲ ਜੋੜ ਦੇਵਾਂਗੇ ਅਤੇ ਜਦੋਂ ਕਦੇ ਵੀ ਅਸੀਂ ਉਸ ਆਈਟਮ ਜਾਂ ਸਟੇਟਮੈਂਟ, ਜਿਸ ਨੂੰ ਤੁਸੀਂ ਅਧੂਰੀ ਜਾਂ ਗਲਤ ਸਮਝਦੇ ਹੋ, ਦਾ ਖੁਲਾਸਾ ਕਰਾਂਗੇ ਤਾਂ ਇਸ ਨੂੰ ਸ਼ਾਮਲ ਕਰਾਂਗੇ।

***ਗੁਪਤ ਸੰਚਾਰ ਲਈ ਬੇਨਤੀ ਕਰਨ ਦਾ ਅਧਿਕਾਰ***

ਤੁਹਾਨੂੰ ਇਹ ਬੇਨਤੀ ਕਰਨ ਦਾ ਅਧਿਕਾਰ ਹੈ ਕਿ ਅਸੀਂ ਡਾਕਟਰੀ ਮਾਮਲਿਆਂ ਬਾਰੇ ਤੁਹਾਡੇ ਨਾਲ ਖਾਸ ਤਰੀਕੇ ਨਾਲ ਜਾਂ ਖਾਸ ਥਾਂ 'ਤੇ ਪੱਤਰ-ਵਿਹਾਰ ਕਰੀਏ। ਮਿਸਾਲ ਦੇ ਤੌਰ 'ਤੇ, ਤੁਸੀਂ ਸਾਨੂੰ ਕਹਿ ਸਕਦੇ ਹੋ ਕਿ ਅਸੀਂ ਤੁਹਾਨੂੰ ਸਿਰਫ ਕੰਮ 'ਤੇ ਜਾਂ ਡਾਕ ਰਾਹੀਂ ਸੰਪਰਕ ਕਰੀਏ।

ਅਸੀਂ ਤੁਹਾਡੇ ਤੋਂ ਤੁਹਾਡੀ ਬੇਨਤੀ ਲਈ ਕਾਰਨ ਨਹੀਂ ਪੁੱਛਾਂਗੇ। ਅਸੀਂ ਸਾਰੀਆਂ ਮੁਨਾਸਬ ਬੇਨਤੀਆਂ ਨੂੰ ਸਵੀਕਾਰ ਕਰਾਂਗੇ। ਤੁਹਾਡੀ ਬੇਨਤੀ ਵਿੱਚ ਲਾਜ਼ਮੀ ਤੌਰ 'ਤੇ ਇਹ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ ਕਿ ਤੁਹਾਨੂੰ ਕਿਵੇਂ ਜਾਂ ਕਿੱਥੇ ਸੰਪਰਕ ਕੀਤਾ ਜਾਵੇ।

***<u>ਪਾਬੰਦੀਆਂ ਦੀ ਬੇਨਤੀ ਦਾ ਅਧਿਕਾਰ</u>***

ਤੁਹਾਨੂੰ ਆਪਣੇ ਬਾਰੇ ਉਸ PHI ਨੂੰ ਪ੍ਰਤਿਬੰਧਿਤ ਜਾਂ ਸੀਮਿਤ ਕਰਨ ਲਈ ਬੇਨਤੀ ਦਾ ਅਧਿਕਾਰ ਹੈ ਜਿਸ ਤੱਕ ਅਸੀਂ ਇਲਾਜ, ਭੁਗਤਾਨ, ਜਾਂ ਸਿਹਤ ਦੇਖਭਾਲ ਦੀਆਂ ਕਾਰਵਾਈਆਂ ਲਈ ਪਹੁੰਚ, ਇਸਤੇਮਾਲ ਜਾਂ ਖੁਲਾਸਾ ਕਰਦੇ ਹਾਂ। ਤੁਹਾਨੂੰ ਤੁਹਾਡੇ ਬਾਰੇ ਉਸ PHI 'ਤੇ ਰੋਕ ਲਗਾਉਣ ਲਈ ਬੇਨਤੀ ਕਰਨ ਦਾ ਅਧਿਕਾਰ ਹੈ ਜਿਸ ਦਾ ਅਸੀਂ ਕਿਸੇ ਅਜਿਹੇ ਵਿਅਕਤੀ ਕੋਲ ਖੁਲਾਸਾ ਕਰਦੇ ਹਾਂ ਜੋ ਤੁਹਾਡੀ ਦੇਖਭਾਲ ਵਿੱਚ ਜਾਂ ਤੁਹਾਡੀ ਦੇਖਭਾਲ ਦੀ ਅਦਾਇਗੀ ਵਿੱਚ ਸ਼ਾਮਲ ਹੈ, ਜਿਵੇਂ ਕਿ ਪਰਿਵਾਰਕ ਦਾ ਮੈਂਬਰ ਜਾਂ ਦੋਸਤ। ਮਿਸਾਲ ਲਈ, ਤੁਸੀਂ ਕਹਿ ਸਕਦੇ ਹੋ ਕਿ ਅਸੀਂ ਤੁਹਾਨੂੰ ਮਿਲੀ ਕਿਸੇ ਸੇਵਾ ਬਾਰੇ ਜਾਣਕਾਰੀ ਦੀ ਵਰਤੋਂ ਜਾਂ ਖੁਲਾਸਾ ਨਾ ਕਰੀਏ।

ਸਾਡੇ ਲਈ ਤੁਹਾਡੀ ਬੇਨਤੀ 'ਤੇ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਜੇ ਅਸੀਂ ਸਹਿਮਤ ਹੁੰਦੇ ਹਾਂ, ਅਸੀਂ ਤੁਹਾਡੀ ਬੇਨਤੀ ਦੀ ਪਾਲਣਾ ਕਰਾਂਗੇ ਜਦ ਤਕ ਕਿ ਜਾਣਕਾਰੀ ਦੀ ਲੋੜ ਤੁਹਾਨੂੰ ਐਮਰਜੈਂਸੀ ਇਲਾਜ ਮੁਹੱਈਆ ਕਰਵਾਉਣ ਲਈ ਨਹੀਂ ਪੈਂਦੀ। ਆਪਣੀ ਬੇਨਤੀ ਵਿੱਚ, ਤੁਹਾਨੂੰ ਸਾਨੂੰ ਦੱਸਣਾ ਜ਼ਰੂਰੀ ਹੈ ਕਿ:

(1) ਤੁਸੀਂ ਕਿਸ ਜਾਣਕਾਰੀ ਨੂੰ ਸੀਮਿਤ ਕਰਨਾ ਚਾਹੁੰਦੇ ਹੋ;

(2) ਕੀ ਤੁਸੀਂ ਸਾਡੀ ਪਹੁੰਚ, ਇਸਤੇਮਾਲ ਅਤੇ/ਜਾਂ ਖੁਲਾਸੇ ਨੂੰ ਸੀਮਿਤ ਕਰਨਾ ਚਾਹੁੰਦੇ ਹੋ; ਅਤੇ

(3) ਤੁਸੀਂ ਇਹ ਸੀਮਾਵਾਂ ਕਿਸ 'ਤੇ ਲਗਾਉਣਾ ਚਾਹੁੰਦੇ ਹੋ, ਮਿਸਾਲ ਦੇ ਤੌਰ 'ਤੇ, ਤੁਹਾਡੇ ਪਤੀ/ਪਤਨੀ ਨੂੰ ਖੁਲਾਸਾ।

ਅਸੀਂ ਪਹਿਲਾਂ ਸਹਿਮਤੀ ਦਿੱਤੇ ਗਏ ਕਿਸੇ ਵੀ ਪ੍ਰਤਿਬੰਧਾਂ (ਉਸ ਪ੍ਰਤਿਬੰਧ ਤੋਂ ਇਲਾਵਾ ਜਿਸ ਨਾਲ ਸਾਨੂੰ ਕਾਨੂੰਨ ਦੁਆਰਾ ਸਹਿਮਤ ਹੋਣ ਦੀ ਲੋੜ ਹੁੰਦੀ ਹੈ) ਨੂੰ ਸਮਾਪਤ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ। ਅਸੀਂ ਸਹਿਮਤੀ ਦਿੱਤੇ ਗਏ ਪ੍ਰਤਿਬੰਦ ਦੀ ਸਮਾਪਤੀ ਬਾਰੇ ਤੁਹਾਨੂੰ ਸੂਚਿਤ ਕਰਾਂਗੇ ਅਤੇ ਅਜਿਹੀ ਸਮਾਪਤੀ ਸਿਰਫ ਉਸ PHI ਦੇ ਸਬੰਧ ਵਿੱਚ ਪ੍ਰਭਾਵੀ ਹੋਵੇਗੀ ਜਿਸ ਨੂੰ ਸਾਡੇ ਦੁਆਰਾ ਤੁਹਾਨੂੰ ਸਮਾਪਤੀ ਦੀ ਸੂਚਨਾ ਦੇਣ ਤੋਂ ਬਾਅਦ ਤਿਆਰ ਕੀਤਾ ਗਿਆ ਸੀ।

***<u>ਖੁਲਾਸਿਆਂ ਦੇ ਲੇਖੇ ਦਾ ਅਧਿਕਾਰ</u>***

ਤੁਹਾਨੂੰ ਹਿਸਾਬ ਲਈ ਬੇਨਤੀ ਕਰਨ ਦੀ ਤਾਰੀਖ ਤੋਂ ਪਹਿਲਾਂ ਛੇ (6) ਸਾਲਾਂ ਤੱਕ "ਖੁਲਾਸਿਆਂ ਦੇ ਹਿਸਾਬ" ਲਈ ਬੇਨਤੀ ਕਰਨ ਦਾ ਅਧਿਕਾਰ ਹੁੰਦਾ ਹੈ। ਇਹ ਉਹਨਾਂ ਖੁਲਾਸਿਆਂ ਦੀ ਇੱਕ ਸੂਚੀ ਹੁੰਦੀ ਹੈ ਜੋ ਅਸੀਂ ਤੁਹਾਡੇ ਬਾਰੇ PHI ਦੇ ਕੀਤੇ ਹਨ, ਸਿਵਾਏ ਉਹਨਾਂ ਖੁਲਾਸਿਆਂ ਦੇ: ਤੁਹਾਡੇ ਦੁਆਰਾ ਕੀਤੇ ਗਏ; ਤੁਹਾਡੇ ਅਧਿਕਾਰ, ਇਲਾਜ, ਭੁਗਤਾਨ, ਅਤੇ ਸਿਹਤ ਸੰਭਾਲ ਕਾਰਜਾਂ (ਅਤੇ ਉਪਰੋਕਤ ਵਰਨਣ ਕੀਤੇ ਕਾਰਜਾਂ ਲਈ) ਦੇ ਅਧਾਰ 'ਤੇ ਕੀਤੇ ਗਏ; ਤੁਹਾਡੀ ਦੇਖਭਾਲ ਵਿੱਚ ਸ਼ਾਮਲ ਵਿਅਕਤੀ; ਰਾਸ਼ਟਰੀ ਸੁਰੱਖਿਆ ਜਾਂ ਖੁਫੀਆ ਗਤੀਵਿਧੀਆਂ ਲਈ; ਸੁਧਾਰ ਸੰਸਥਾਵਾਂ ਨੂੰ; ਤੁਹਾਡੀ ਬੇਨਤੀ ਦੀ ਤਾਰੀਖ ਤੋਂ ਪਹਿਲਾਂ, ਕਾਨੂੰਨ ਦੀ ਪਾਲਣਾ ਲਈ (ਜਿਵੇਂ ਕਾਨੂੰਨ ਵੱਲੋਂ ਲੋੜੀਂਦਾ ਹੋਵੇ)। \

ਤੁਹਾਡੀ ਬੇਨਤੀ ਵਿੱਚ ਸਮਾਂ ਮਿਆਦ ਬਾਰੇ ਦੱਸਿਆ ਜਾਣਾ ਚਾਹੀਦਾ ਹੈ ਜੋ ਛੇ (6) ਸਾਲਾਂ ਤੋਂ ਵੱਧ ਨਹੀਂ ਹੋ ਸਕਦਾ ਅਤੇ ਜਿਸ ਵਿੱਚ 14 ਅਪ੍ਰੈਲ, 2003 ਤੋਂ ਪਹਿਲਾਂ ਦੀਆਂ ਮਿਤੀਆਂ ਸ਼ਾਮਲ ਨਹੀਂ ਹੋ ਸਕਦੀਆਂ। ਤੁਹਾਡੀ ਬੇਨਤੀ ਵਿੱਚ ਇਹ ਦਰਸਾਇਆ ਜਾਣਾ ਚਾਹੀਦਾ ਹੈ ਤੁਸੀਂ ਸੂਚੀ ਕਿਸ ਰੂਪ ਵਿੱਚ ਚਾਹੁੰਦੇ ਹੋ (ਮਤਲਬ ਕਿ, ਕਾਗਜ਼ੀ ਕਾਪੀ, ਇਲੈਕਟ੍ਰੋਨਿਕ ਢੰਗ ਨਾਲ)। 12 ਮਹੀਨਿਆਂ ਦੀ ਮਿਆਦ ਅੰਦਰ ਤੁਹਾਡੇ ਵੱਲੋਂ ਬੇਨਤੀ ਕੀਤੀ ਗਈ ਪਹਿਲੀ ਸੂਚੀ ਮੁਫ਼ਤ ਹੁੰਦੀ ਹੈ। ਵਾਧੂ ਸੂਚੀਆਂ ਲਈ ਅਸੀਂ ਤੁਹਾਡੇ ਤੋਂ ਸੂਚੀ ਮੁਹੱਈਆ ਕਰਵਾਉਣ ਦੇ ਖ਼ਰਚੇ ਵਸੂਲ ਸਕਦੇ ਹਾਂ। ਅਸੀਂ ਤੁਹਾਨੂੰ ਇਸ ਵਿੱਚ ਸ਼ਾਮਲ ਲਾਗਤ ਬਾਰੇ ਸੂਚਿਤ ਕਰਾਂਗੇ ਅਤੇ ਤੁਸੀਂ ਕਿਸੇ ਖਰਚ ਕੀਤੇ ਜਾਣ ਤੋਂ ਪਹਿਲਾਂ ਆਪਣੀ ਬੇਨਤੀ ਨੂੰ ਵਾਪਸ ਲੈਣ ਜਾਂ ਇਸ ਵਿੱਚ ਸੋਧ ਕਰਨ ਦੀ ਚੋਣ ਕਰ ਸਕਦੇ ਹੋ।

***<u>ਉਲੰਘਣਾ ਬਾਰੇ ਸੂਚਿਤ ਕੀਤੇ ਜਾਣ ਦਾ ਅਧਿਕਾਰ</u>***

ਤੁਹਾਡੇ ਕੋਲ ਉਸ ਸੂਰਤ ਵਿੱਚ ਤੁਹਾਨੂੰ ਸੂਚਿਤ ਕੀਤੇ ਜਾਣ ਦਾ ਅਧਿਕਾਰ ਹੁੰਦਾ ਹੈ ਜਦੋਂ ਸਾਨੂੰ (ਜਾਂ ਸਾਡੇ ਕਿਸੇ ਕਾਰੋਬਾਰ ਸਹਿਯੋਗੀ ਨੂੰ) ਤੁਹਾਡੀ ਡਾਕਟਰੀ ਜਾਣਕਾਰੀ ਨੂੰ ਸ਼ਾਮਲ ਕਰਨ ਵਾਲੀ ਅਸੁਰੱਖਿਅਤ PHI ਦੀ ਉਲੰਘਣਾ ਬਾਰੇ ਪਤਾ ਲੱਗਦਾ ਹੈ।

**ਉਸ PHI ਦੀ ਜਾਂਚ ਕਰਨ ਅਤੇ ਕਾਪੀ ਲੈਣ ਲਈ, ਜਿਸ ਦਾ ਇਸਤੇਮਾਲ ਤੁਹਾਡੇ ਬਾਰੇ ਫ਼ੈਸਲੇ ਲੈਣ ਲਈ ਕੀਤਾ ਜਾ ਸਕਦਾ ਹੈ, ਕਿਸੇ ਸੋਧ ਦੀ ਬੇਨਤੀ ਕਰਨ ਲਈ, ਖੁਲਾਸਿਆਂ ਦੀ ਸੂਚੀ ਜਾਂ ਲੇਖੇ ਲਈ ਬੇਨਤੀ ਕਰਨ ਲਈ, ਸਾਰੇ ਪ੍ਰਤੀਬੰਧਾਂ ਲਈ ਬੇਨਤੀ ਕਰਨ ਵਾਸਤੇ, ਜਾਂ ਗੁਪਤ ਸੰਚਾਰ ਦੀ ਬੇਨਤੀ ਕਰਨ ਵਾਸਤੇ:**

**ਤੁਹਾਨੂੰ ਲਾਜ਼ਮੀ ਤੌਰ 'ਤੇ ਉਸ ਵਿਭਾਗ ਨੂੰ ਲਿਖਤੀ ਬੇਨਤੀ ਕਰਨੀ ਚਾਹੀਦੀ ਹੈ ਜਿੱਥੋਂ ਸੇਵਾਵਾਂ ਲਈਆਂ ਗਈਆਂ ਸਨ:**

1. ਵਿਹਾਰ ਸਬੰਧੀ ਸਿਹਤ - ਬਾਲਗਾਂ ਲਈ ਮਾਨਸਿਕ ਸਿਹਤ ਦੇ ਡਾਕਟਰੀ ਰਿਕਾਰਡ, ਜਾਣਕਾਰੀ ਦਾ ਖੁਲਾਸਾ: 4441 E. Kings Canyon Rd., Fresno, CA93702

2. ਵਿਹਾਰ ਸਬੰਧੀ ਸਿਹਤ - ਬਾਲ ਅਤੇ ਪਰਿਵਾਰਕ ਸੇਵਾਵਾਂ ਲਈ ਮਾਨਸਿਕ ਸਿਹਤ ਦੇ ਡਾਕਟਰੀ ਰਿਕਾਰਡ, ਜਾਣਕਾਰੀ ਦਾ ਖੁਲਾਸਾ: 3133 N. Millbrook Ave., Fresno, CA 93703
3. ਸਿਹਤਯਾਬੀ ਪ੍ਰੋਗਰਾਮ ਲਈ ਸਬਸਟਾਂਸ ਐਬਿਊਜ਼ ਪਾਥਵੇਜ਼ (ਔਰਤਾਂ ਅਤੇ ਉਹਨਾਂ ਦੇ ਨਵਜਾਤ ਸ਼ਿਸ਼ੂਆਂ ਅਤੇ ਬੱਚਿਆਂ ਲਈ ਜਨਮ ਦੇ ਤੁਰੰਤ ਪਹਿਲਾਂ ਅਤੇ ਬਾਅਦ ਵਾਲੇ ਸਮੇਂ ਵੱਲ ਕੇਂਦਰਤ, ਨਸ਼ੇ ਦੀ ਲਤ, ਇਲਾਜ, ਸਿਹਤ ਸੇਵਾਵਾਂ ਲਈ) ਇੱਥੇ ਹੈ: 515 S. Cedar Ave., Fresno, CA93702
4. ਸਬਸਟਾਂਸ ਅਬਿਊਜ਼ ਅਸੈਸਮੈਂਟ ਸੈਂਟਰ, ਪਤਾ: 2212 N. Winery, Suite 122, Fresno, CA93703

Public Health - 1221 Fulton Mall, Fresno, CA93721**(ਆਪਣੀ ਬੇਨਤੀ ਨੂੰ ਉਸ ਕਲਿਨਿਕ ਜਾਂ ਪ੍ਰੋਗਰਾਮ ਕੋਲ ਭੇਜੋ ਜਿੱਥੇ ਸੇਵਾਵਾਂ ਮੁਹੱਈਆ ਕੀਤੀਆਂ ਗਈਆਂ ਸਨ)। ਜੇ ਸੇਵਾਵਾਂ ਅੱਗੇ ਦਿੱਤੀਆਂ ਥਾਂਵਾਂ 'ਤੇ ਮੁਹੱਈਆ ਕੀਤੀਆਂ ਗਈਆਂ ਸਨ, ਤਾਂ ਬੇਨਤੀ ਸਿੱਧੀ ਉਹਨਾਂ ਥਾਂਵਾਂ 'ਤੇ ਕੀਤੀ ਜਾ ਸਕਦੀ ਹੈ**:

- CCS ਮੈਡੀਕਲ ਥੇਰੇਪੀ ਯੂਨਿਟ - ਸਟੋਰੀ ਸਕੂਲ @ 5250 E. Church, Fresno, CA 93725
- CCS ਮੈਡੀਕਲ ਥੇਰੇਪੀ ਯੂਨਿਟ - ਜਿਨਸਬਰਗ ਸਕੂਲ @ 67 Ashlan, Fresno, CA 93704
- CCS ਮੈਡੀਕਲ ਥੇਰੇਪੀ ਯੂਨਿਟ – ਕਲੋਵਿਸ ਸਕੂਲ @ 1345 N. Peach, Fresno, CA 93619
- ਵੈਸਟ ਫ੍ਰੈਸਨੋ ਰੀਜਨਲ ਸੈਂਟਰ - 142 E. California Ave., Fresno, CA 93706
- ਸੇਲਮਾ ਰੀਜਨਲ ਸੈਂਟਰ – 3800 McCall Ave., Selma, CA 93662

***ਇਸ ਨੋਟਿਸ ਦੀ ਕਾਗਜ਼ੀ ਕਾਪੀ ਦਾ ਅਧਿਕਾਰ***

ਭਾਵੇਂ ਤੁਸੀਂ ਇਸ ਨੂੰ ਇਲੈਕਟ੍ਰਾਨਿਕ ਢੰਗ ਨਾਲ ਪ੍ਰਾਪਤ ਕਰਨ ਲਈ ਸਹਿਮਤੀ ਦਿੱਤੀ ਹੈ, ਤਾਂ ਵੀ ਤੁਸੀਂ ਫੇਰ ਵੀ ਇਸ ਨੋਟਿਸ ਦੀ ਕਾਗਜ਼ੀ ਕਾਪੀ ਦੇ ਹੱਕਦਾਰ ਹੋ। ਤੁਸੀਂ ਸਾਨੂੰ ਕਿਸੇ ਵੀ ਸਮੇਂ ਇਸ ਨੋਟਿਸ ਦੀ ਕਾਪੀ ਤੁਹਾਨੂੰ ਦੇਣ ਲਈ ਕਹਿ ਸਕਦੇ ਹੋ।

ਤੁਸੀਂ ਸਾਡੀ ਵੈਬਸਾਈਟ http://www.fcdph.org ਤੋਂ ਇਸ ਨੋਟਿਸ ਦੀ ਕਾਪੀ ਹਾਸਲ ਕਰ ਸਕਦੇ ਹੋ

ਇਸ ਨੋਟਿਸ ਦੀ ਕਾਗਜ਼ੀ ਨਕਲ ਲੈਣ ਲਈ, ਉਸ ਖੇਤਰ ਨਾਲ ਸੰਪਰਕ ਕਰੋ ਜਿੱਥੇ ਤੁਹਾਡੀਆਂ ਸੇਵਾਵਾਂ ਮੁਹੱਈਆ ਕੀਤੀਆਂ ਗਈਆਂ ਸਨ।

***ਇਸ ਨੋਟਿਸ ਵਿੱਚ ਤਬਦੀਲੀ***

ਅਸੀਂ ਇਸ ਨੋਟਿਸ ਵਿੱਚ ਤਬਦੀਲੀ ਦਾ ਹੱਕ ਰਾਖਵਾਂ ਰੱਖਦੇ ਹਾਂ। ਅਸੀਂ ਉਸ PHI ਲਈ ਜੋ ਸਾਡੇ ਕੋਲ ਤੁਹਾਡੇ ਬਾਰੇ ਹੈ ਅਤੇ ਜੋ ਅਸੀਂ ਭਵਿਖ ਵਿੱਚ ਪ੍ਰਾਪਤ ਕਰਾਂਗੇ, ਸੋਧੇ ਹੋਏ ਜਾਂ ਬਦਲੇ ਹੋਏ ਨੋਟਿਸ ਨੂੰ ਲਾਗੂ ਕਰਨ ਦਾ ਅਧਿਕਾਰ ਵੀ ਰਾਖਵਾਂ ਰੱਖਦੇ ਹਾਂ। ਅਸੀਂ ਕਾਉਂਟੀ ਵਿੱਚ ਮੌਜੂਦਾ ਨੋਟਿਸ ਦੀ ਕਾਪੀ ਪੋਸਟ ਕਰਾਂਗੇ। ਇਸ ਤੋਂ ਇਲਾਵਾ, ਹਰ ਵਾਰ ਜਦੋਂ ਤੁਸੀਂ ਇਲਾਜ ਜਾਂ ਸਿਹਤ-ਸੰਭਾਲ ਸੇਵਾਵਾਂ ਵਾਸਤੇ ਦਾਖਲ ਮਰੀਜ਼ ਜਾਂ ਬਾਹਰੀ ਮਰੀਜ਼ ਦੇ ਰੂਪ ਵਿੱਚ ਕਾਉਂਟੀ ਦੇ ਸੇਵਾ ਬਿੰਦੂਆਂ ਵਿੱਚੋਂ ਕਿਸੇ ਇੱਕ ਕੋਲ ਰਜਿਸਟਰ ਹੁੰਦੇ ਹੋ ਜਾਂ ਹਸਪਤਾਲ ਵਿੱਚ ਦਾਖਲ ਹੁੰਦੇ ਹੋ, ਅਸੀਂ ਤੁਹਾਨੂੰ ਮੌਜੂਦਾ ਪ੍ਰਭਾਵੀ ਨੋਟਿਸ ਦੀ ਕਾਪੀ ਪੇਸ਼ ਕਰਾਂਗੇ।

***ਸ਼ਿਕਾਇਤਾਂ***

ਜੇ ਤੁਸੀਂ ਮੰਨਦੇ ਕਿ ਤੁਹਾਡੇ ਗੁਪਤਤਾ ਅਧਿਕਾਰਾਂ ਦੀ ਉਲੰਘਣਾ ਹੋਈ ਹੈ, ਤਾਂ ਤੁਸੀਂ:

ਜਾਂ ਤਾਂ ਜ਼ੁਬਾਨੀ ਜਾ ਫਿਰ ਲਿਖਤੀ ਤੌਰ 'ਤੇ ਇਸ ਪਤੇ 'ਤੇ ਸ਼ਿਕਾਇਤ ਕਰੋ: Fresno County Privacy Officer at 1221 Fulton Mall, 6th Floor, Fresno, CA, 93721 (559) 600-3200

ਤੁਸੀਂ ਅੱਗੇ ਦਿੱਤੇ ਪਤੇ 'ਤੇ ਸੈਕ੍ਰੇਟਰੀ, ਅਮਰੀਕੀ ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ ਨੂੰ ਸਿੱਧਾ ਵੀ ਸ਼ਿਕਾਇਤ ਦਾਇਰ ਕਰ ਸਕਦੇ ਹਨ:

Region IX, Office for Civil Rights
U.S. Department of Health and Human Services
90 7th Street, Suite 4-100
San Francisco, CA 94103
ਵੋਇਸ ਫੋਨ (800) 368-1019
TDD (800) 537-7697
ਫ਼ੈਕਸ ਨੰਬਰ: (415) 437-8329
ਈ-ਮੇਲ ਪਤਾ: OCRComplaint@hhs.gov

ਆਫਿਸ ਫਾਰ ਸਿਵਿਲ ਰਾਈਟਸ (ਨਾਗਰਿਕ ਹੱਕਾਂ ਲਈ ਦਫ਼ਤਰ) ਨੂੰ ਸ਼ਿਕਾਇਤ ਲਾਜ਼ਮੀ ਤੌਰ 'ਤੇ ਲਿਖਤੀ ਜਾਂ ਇਲੈਕਟ੍ਰੋਨਿਕ ਢੰਗ ਨਾਲ ਕਰਨੀ ਚਾਹੀਦੀ ਹੈ ਅਤੇ ਲਾਜ਼ਮੀ ਤੌਰ ਉਸ ਸਮੇਂ ਦੇ 180 ਦਿਨਾਂ ਅੰਦਰ ਦਾਇਰ ਕਰਨੀ ਚਾਹੀਦੀ ਹੈ ਜਦੋਂ ਘਟਨਾ ਵਾਪਰੀ ਸੀ ਜਾਂ ਵਾਪਰਨ ਬਾਰੇ ਪਤਾ ਲੱਗਿਆ ਸੀ।

ਸ਼ਿਕਾਇਤ ਦਰਜ ਕਰਨ ਲਈ ਤੁਹਾਡੇ ਨਾਲ ਬਦਲਦ ਦੀ ਕਾਰਵਾਈ ਨਹੀਂ ਕੀਤੀ ਜਾਵੇਗੀ।

***PHI ਦੇ ਹੋਰ ਇਸਤੇਮਾਲ***

ਤੁਹਾਡੀ PHI ਤੱਕ ਹੋਰ ਪਹੁੰਚ, ਇਸਤੇਮਾਲ ਅਤੇ ਖੁਲਾਸੇ, ਜੋ ਕਿ ਇਸ ਨੋਟਿਸ ਜਾਂ ਕਾਨੂੰਨ ਦੇ ਅਧੀਨ ਨਹੀਂ ਆਉਂਦੇ ਹਨ ਪਰ ਜੋ ਸਾਡੇ 'ਤੇ ਲਾਗੂ ਹੁੰਦੇ ਹਨ, ਤੁਹਾਡੀ ਸਪੱਸ਼ਟ ਲਿਖਤੀ ਮਨਜ਼ੂਰੀ (ਅਧਿਕਾਰ) ਨਾਲ ਕੀਤੇ ਜਾਣਗੇ। ਜੇ ਤੁਸੀਂ ਆਪਣੇ ਬਾਰੇ PHI ਤੱਕ ਪਹੁੰਚ, ਇਸਦੇ ਇਸਤੇਮਾਲ ਜਾਂ ਖੁਲਾਸੇ ਲਈ ਸਾਨੂੰ ਇਜਾਜ਼ਤ ਦਿੰਦੇ ਹੋ, ਤਾਂ ਤੁਸੀਂ ਕਿਸੇ ਵੀ ਸਮੇਂ ਲਿਖਤੀ ਰੂਪ ਵਿੱਚ ਇਜਾਜ਼ਤ ਰੱਦ ਕਰ ਸਕਦੇ ਹੋ। ਜੇ ਤੁਸੀਂ ਆਪਣੀ ਆਗਿਆ ਰੱਦ ਕਰ ਦਿੰਦੇ ਹੋ, ਤਾਂ ਇਹ ਤੁਹਾਡੇ ਲਿਖਤੀ ਅਧਿਕਾਰ ਵਿੱਚ

ਆਉਂਦੇ ਉਦੇਸ਼ਾਂ ਲਈ ਤੁਹਾਡੀ PHI ਤੱਕ ਅਗਲੇਰੀ ਪਹੁੰਚ, ਇਸਦੇ ਇਸਤੇਮਾਲ ਜਾਂ ਖੁਲਾਸੇ ਨੂੰ ਰੋਕ ਦੇਵੇਗੀ, ਸਿਵਾਏ ਉਸ ਸਮੇਂ ਜੇ ਅਸੀਂ ਤੁਹਾਡੀ ਆਗਿਆ ਦੇ ਭਰੋਸੇ ਪਹਿਲਾਂ ਹੀ ਕਾਰਵਾਈ ਕਰ ਚੁੱਕੇ ਹਾਂ। ਅਸੀਂ ਉਹਨਾਂ ਕਿਸੇ ਖੁਲਾਸਿਆਂ ਨੂੰ ਵਾਪਸ ਨਹੀਂ ਲੈ ਸਕਦੇ ਹਾਂ ਜਿਹੜੇ ਅਸੀਂ ਪਹਿਲਾਂ ਹੀ ਤੁਹਾਡੀ ਇਜਾਜ਼ਤ ਨਾਲ ਕਰ ਚੁੱਕੇ ਹਾਂ, ਅਤੇ ਉਸ ਦੇਖਭਾਲ ਦਾ ਰਿਕਾਰਡ ਰੱਖਣ ਦੀ ਲੋੜ ਹੁੰਦੀ ਹੈ ਜੋ ਅਸੀਂ ਤੁਹਾਨੂੰ ਮੁਹੱਈਆ ਕਰਵਾਈ ਹੈ।